# ਦਫਤਰ ਸਰਵ ਸਿੱਖਿਆ ਅਭਿਆਨ ਅਥਾਰਟੀ , ਪੰਜਾਬ

ਐਸ.ਸੀ.ਓ. ਨੰ: 104-06, ਮੰਜਿਲ 2-3, ਸੈਕਟਰ 34-ਏ,ਚੰਡੀਗੜ੍ਹ ।

ਵੱਲ,

ਸਮੂਹ ਜਿਲ੍ਹਾ ਸਿੱਖਿਆ ਅਫਸਰ ( ਐ:ਸਿ:)
ਪੰਜਾਬ ।

ਮੀਮੋ ਨੰ: 2009/SSA/RP-SS/S/0023-42
ਮਿਤੀ,ਚੰਡੀਗੜ੍ਹ 18-11-09

ਵਿਸ਼ਾ:- ਰੇਡੀਓ ਪ੍ਰੋਗਰਾਮ ਬਰੋਡ ਕਾਸਟਿੰਗ ਸਬੰਧੀ ।

ਜਿਸ ਤਰ੍ਹਾਂ ਕਿ ਆਪ ਨੂੰ ਪਤਾ ਹੀ ਹੈ ਕਿ ਮਿਤੀ 23-11-2009 ਤੋ ਤੀਜੀ, ਚੌਥੀ ਅਤੇ ਪੰਜਵੀ ਦੇ ਵਿਦਿਆਰਥੀਆਂ ਲਈ ਰੇਡੀਓ ਪ੍ਰੋਗਰਾਮ "ਸੁਣੋ ਸੁਣਾਵਾਂ" ਪ੍ਰਸਾਰਿਤ ਕੀਤਾ ਜਾ ਰਿਹਾ ਹੈ । ਇਹ ਪ੍ਰੋਗਰਾਮ ਹੇਠ ਲਿਖੇ ਚੈਨਲਾਂ ਤੋ ਸਮਾਂ ਬਾਅਦ ਦੁਪਿਹਰ 2.10 ਤੋ 2.30 ਮਿੰਟ ਤੱਕ ਪ੍ਰਸਾਰਿਤ ਹੋਵੇਗਾ :-

| Sr No | Channel | Strength | Frequency | Areas Covered |
|---|---|---|---|---|
| 1. | Jalandhar Primary Channel | MW 300 KW | 873khtz | Entire Punjab, parts of Haryana, Chandigarh, HP, J&K and Rajasthan |
| 2. | FM Rainbow | 10KW | 102.7 mgtz | Districts of JAL, KPT, HSP, NWS & parts of LDH, GSP, ASR, TT, Moga, FZR, Ropar |
| 3. | AIR-FM Patiala | 6 KW | 100.2mgtz | Districts of PTL, FGS, parts of SAS Nagar, SGR, LDH, RPR, Mansa |
| 4. | AIR-FM Bathinda | 6KW | 101.1 mgtz | District of BTD, Parts of FDK, Mansa, Barnala, MKt & Fzr |

ਇਹ ਪ੍ਰੋਗਰਾਮ ਐਫ ਐਮ ਅਤੇ ਪ੍ਰਾਇਮਰੀ ਚੈਨਲਾਂ ਤੋ ਪ੍ਰਸਾਰਿਤ ਕੀਤਾ ਜਾ ਰਿਹਾ ਹੈ। ਇਨ੍ਹਾਂ ਚੈਨਲਾਂ ਦੀਆਂ ਅਲੱਗ ਅਲੱਗ ਥਾਂ ਤੇ ਅਲੱਗ ਅਲੱਗ ਫਰੀਕੁਐਸੀਜ਼ ਹਨ । ਇਸ ਲਈ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਇਹ ਪ੍ਰੋਗਰਾਮ ਪ੍ਰਾਇਮਰੀ ਅਤੇ ਐਫ ਐਮ ਚੈਨਲਾਂ ਤੋ ਚਲਾ ਕੇ ਦੇਖ ਲਿਆ ਜਾਵੇ ਅਤੇ ਜਿਹੜੇ ਵੀ ਚੈਨਲ ਤੋ ਵਧੀਆ ਆਵਾਜ ਸੁਣਾਈ ਦਿੰਦੀ ਹੈ, ਉਸ ਤੋ ਹੀ ਬੱਚਿਆਂ ਨੂੰ ਸੁਣਵਾਇਆ ਜਾਵੇ।

ਉਪਰੋਕਤ ਚੈਨਲਾਂ ਤੋ ਇਲਾਵਾ ਇਹ ਪ੍ਰੋਗਰਾਮ ਡੀ.ਟੀ.ਐਚ ( DTH) ਤੋ ਵੀ ਉਸੇ ਸਮੇ ਪ੍ਰਸਾਰਿਤ ਹੋਵੇਗਾ ।

ਵਿਦਿਆਰਥੀਆਂ ਦੇ ਮਾਪੇ ਅਤੇ ਭਾਈਚਾਰਾ ਜੇਕਰ ਚਾਹੁਣ ਤਾਂ ਇਨ੍ਹਾਂ ਪ੍ਰੋਗਰਾਮਾਂ ਨੂੰ ਆਪਣੇ ਘਰਾਂ ਵਿਚ ਹੀ ਟੀ.ਵੀ. ਰਾਹੀ ਡੀ.ਟੀ.ਐਚ. ਚੈਨਲ ਉਤੇ ਸੁਣ ਸਕਦੇ ਹਨ । ਇਸ ਲਈ ਸਕੂਲ ਮੁੱਖੀ ਪਸਵਕ ਚੇਅਰਮੈਨ ਨੂੰ ਸੂਚਿਤ ਕਰੇ ਅਤੇ ਸਵੇਰ ਦੀ ਸਭਾ ਵਿਚ ਬੱਚਿਆ ਨੂੰ ਵੀ ਇਹ ਸੁਨੇਹਾ ਦਿੱਤਾ ਜਾਵੇ ਕਿ ਉਹ ਆਪਣੇ ਮਾਪਿਆ ਨੂੰ ਉਕਤ ਪ੍ਰੋਗਰਾਮ ਬਾਰੇ ਜਾਣੂ ਕਰਵਾਉਣ ।

ਸਹੀ/-
ਸਟੇਟ ਪ੍ਰੋਜੈਕਟ ਡਾਇਰੈਕਟਰ,
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ, ਚੰਡੀਗੜ੍ਹ ।